**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,**
**ਐਸ. ਸੀ. ਓ ਨੰ. 104 -106, ਸੈਕਟਰ 34 ਏ, ਚੰਡੀਗੜ੍ਹ**

ਸੇਵਾ ਵਿਖੇ

ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ. ਸਿੱ) ਅਤੇ (ਐ.ਸਿੱ)

ਮੀਮੋ ਨੰ 5/192-08/SSA/CW/71424-468
ਮਿਤੀ ਚੰਡੀਗੜ੍ਹ 12 ਅਕਤੂਬਰ, 2009

**ਵਿਸ਼ਾ** **ਸਰਕਾਰੀ ਸਕੂਲਾਂ ਵਿੱਚ ਸਥਾਪਿਤ ਕੀਤੀਆ ਗਈਆਂ ਟਾਇਲਟਸ ਦੀ ਸਾਫ਼ ਸਫ਼ਾਈ ਅਤੇ ਰੱਖ-ਰਖਾਓ ਬਾਰੇ ।**

1.0 ਆਪ ਜੀ ਦਾ ਧਿਆਨ ਇਸ ਦਫਤਰ ਦੇ ਪੱਤਰ ਨੰ 13/2/09/ ਸਸਅ / ਐਮ.ਆਈ.ਐਸ/ 42516-42636 ਮਿਤੀ 25.5.2009 ਅਤੇ ਪੱਤਰ ਨੰ 5/259-2009/ਸਸਅ/ਸਿਵਲ ਵਰਕਸ/1550-569 ਮਿਤੀ 8.7.2009 ਰਾਹੀਂ ਜਾਰੀ ਕੀਤੀਆ ਹਦਾਇਤਾਂ ਅਤੇ ਵੱਖ-ਵੱਖ ਜ਼ਿਲ੍ਹਿਆਂ ਅੰਦਰ ਸਕੂਲ ਮੁੱਖੀਆਂ ਨਾਲ ਕੀਤੀਆਂ ਮੀਟਿੰਗਾ ਵਿੱਚ ਹੋਏ ਵਿਚਾਰ ਵਟਾਂਦਰੇ ਵੱਲ ਦਵਾਇਆ ਜਾਂਦਾ ਹੈ ।

2.0 ਆਪ ਜੀ ਨੂੰ ਪਤਾ ਹੈ ਕਿ ਸਰਕਾਰ ਦੁਆਰਾ ਵੱਖ-ਵੱਖ ਸਕੀਮਾਂ ਤਹਿਤ ਪੰਜਾਬ ਰਾਜ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਟਾਇਲਟਸ ਉਪਲਬਧ ਕਰਵਾਈਆਂ ਗਈਆਂ ਹਨ । ਪਰ ਆਮ ਤੌਰ ਤੇ ਵੇਖਣ ਵਿੱਚ ਇਹ ਆਇਆ ਹੈ ਕਿ ਇਨ੍ਹਾਂ ਟਾਇਲਟਸ ਦੀ ਸਾਫ਼-ਸਫ਼ਾਈ ਅਤੇ ਰੱਖ-ਰਖਾਓ ਬਾਰੇ ਸਬੰਧਤ ਸਕੂਲ ਵੱਲੋਂ ਕੋਈ ਉਪਰਾਲੇ ਨਹੀਂ ਕੀਤੇ ਜਾਂਦੇ ਹਨ। ਵਿਸ਼ੇਸ਼ ਕਰਕੇ ਲੜਕੀਆਂ ਦੀਆਂ ਟਾਇਲਟਸ ਬਾਰੇ ਇਹ ਗੱਲ ਹੋਰ ਵੀ ਜ਼ਿਆਦਾ ਜ਼ਰੂਰੀ ਹੋ ਜਾਂਦੀ ਹੈ ਕਿਉਂਕਿ ਟਾਇਲਟਸ ਦੀ ਸਾਫ਼-ਸਫ਼ਾਈ ਅਤੇ ਰੱਖ-ਰਖਾਓ ਨਾ ਹੋਣ ਕਰਕੇ ਬਹੁਤ ਸਾਰੇ ਮਾਪੇ ਆਪਣੀਆਂ ਲੜਕੀਆਂ ਨੂੰ ਸਕੂਲ ਭੇਜਣ ਤੋਂ ਗੁਰੇਜ਼ ਕਰਦੇ ਹਨ ।

3.0 ਸਮੇਂ-ਸਮੇਂ ਸਿਰ ਕੀਤੀਆ ਮੀਟਿੰਗਾਂ ਵਿੱਚ ਸਕੂਲ ਮੁੱਖੀਆਂ ਵੱਲੋਂ ਇਹ ਗੱਲ ਵੀ ਧਿਆਨ ਵਿੱਚ ਲਿਆਂਦੀ ਗਈ ਹੈ ਕਿ ਇਨ੍ਹਾਂ ਟਾਇਲਟਸ ਨੂੰ ਮੇਨਟੇਨ ਕਰਨ ਲਈ ਉਹਨਾਂ ਕੋਲ ਫੰਡਜ ਉਪਲਬਧ ਨਹੀਂ ਹਨ । ਪਰੰਤੂ, ਇਸਦੇ ਨਾਲ ਇਹ ਗੱਲ ਵੀ ਵੇਖਣ ਵਿੱਚ ਆਈ ਹੈ ਕਿ ਐਸ.ਐਸ.ਏ. ਪ੍ਰੋਗਰਾਮ ਤਹਿਤ ਸਕੂਲਾਂ ਨੂੰ ਰਿਪੇਅਰ ਅਤੇ ਮੇਨਟੈਨੈਂਸ ਗ੍ਰਾਂਟ ਅਤੇ ਸਕੂਲ ਗ੍ਰਾਂਟ ਦੇ ਪੈਸੇ ਹਰ ਸਾਲ ਮੁਹੱਈਆ ਕਰਵਾਏ ਜਾਂਦੇ ਹਨ । ਪਰ ਬਹੁਤ ਸਾਰੇ ਸਕੂਲਾਂ ਵਿੱਚ ਇਹ ਪੈਸੇ ਅਣਵਰਤੇ ਹੀ ਪਏ ਰਹਿੰਦੇ ਹਨ ਅਤੇ ਇਨ੍ਹਾਂ ਦੇ ਵਰਤੋਂ ਸਰਟੀਫਿਕੇਟ ਵੀ ਨਹੀਂ ਭੇਜੇ ਜਾਂਦੇ । ਇਸ ਸਥਿਤੀ ਨੂੰ ਵਿਚਾਰਦੇ ਹੋਇਆ ਮੁੱਖ ਦਫਤਰ ਵੱਲੋਂ ਪਹਿਲਾਂ ਹੀ ਹਦਾਇਤਾਂ ਜਾਰੀ ਕੀਤੀਆ ਜਾ ਚੁੱਕੀਆਂ ਹਨ ਕਿ ਟਾਇਲਟਸ ਦੀ ਸਾਫ਼-ਸਫ਼ਾਈ ਅਤੇ ਰੱਖ-ਰਖਾਓ ਲਈ ਸਕੂਲ ਗ੍ਰਾਂਟ, ਰਿਪੇਅਰ ਅਤੇ ਮੇਨਟੈਨੈਂਸ ਗ੍ਰਾਂਟ ਤਹਿਤ ਪ੍ਰਾਪਤ ਹੋਈ

ਰਾਸ਼ੀ ਇਸ ਤੇ ਖਰਚ ਕੀਤੀ ਜਾ ਸਕਦੀ ਹੈ । ਇਸ ਰਾਸ਼ੀ ਵਿੱਚੋਂ ਕਿਸੀ ਪਾਰਟ ਟਾਈਮ ਸਫ਼ਾਈ ਸੇਵਕ ਨੂੰ ਵੀ ਰੱਖਿਆ ਜਾ ਸਕਦਾ ਹੈ ਅਤੇ ਟਾਇਲਟਸ ਦੀ ਸਫ਼ਾਈ ਲਈ ਕੈਮੀਕਲਜ ਦੀ ਖਰੀਦ ਵੀ ਕੀਤੀ ਜਾ ਸਕਦੀ ਹੈ । ਇਸ ਦੇ ਨਾਲ ਇਹ ਵੀ ਹਦਾਇਤਾਂ ਕੀਤੀਆਂ ਜਾਂਦੀਆਂ ਹਨ ਕਿ ਸਕੂਲਾਂ ਵਿੱਚ ਟਾਇਲਟਸ, ਵਿਸ਼ੇਸ਼ ਕਰਕੇ ਲੜਕੀਆਂ ਦੀ ਟਾਇਲਟਸ, ਦੇ ਰੱਖ ਰਖਾਓ ਦੀ ਸਿੱਧੀ ਜ਼ਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ । ਇਹ ਵੀ ਦੱਸਿਆ ਜਾਂਦਾ ਹੈ ਕਿ ਜਿੱਥੇ ਕਿੱਧਰੇ ਰਿਪੇਅਰ ਅਤੇ ਮੇਨਟੇਨੈਂਸ ਗ੍ਰਾਂਟ ਦੇ ਪੈਸੇ ਇਨ੍ਹਾਂ ਟਾਇਲਟਸ ਦੇ ਰੱਖ ਰਖਾਓ ਲਈ ਘੱਟ ਰਹਿ ਜਾਂਦੇ ਹਨ ਤਾਂ ਇਹ ਕਿਸੀ ਹੋਰ ਫੰਡ ਜਿਵੇਂ ਕਿ ਬਿਲਡਿੰਗ ਫੰਡ ਜਾਂ ਪੀ.ਟੀ.ਏ. ਫੰਡ ਜੇਕਰ ਉਪਲਬਧ ਹੋਣ ਤਾਂ ਇਸ ਮੰਤਵ ਲਈ ਖਰਚ ਕਰ ਲਏ ਜਾਣ ।

ਇਸ ਨੂੰ ਪਰਮ ਅਗੇਤ ਦਿੱਤੀ ਜਾਵੇ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਉਤਾਰਾ :-

1. ਮੰਡਲ ਸਿੱਖਿਆ ਅਫਸਰ, ਨਾਭਾ, ਜਲੰਧਰ ਅਤੇ ਫਰੀਦਕੋਟ
2. ਨਿ.ਸ. / ਸਿੱਖਿਆ ਮੰਤਰੀ, ਪੰਜਾਬ ।
3. ਡੀ.ਐਮ.(ਐਮ.ਆਈ.ਐਸ) ਬੈੱਵ ਸਾਈਟ ਲਈ